ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-4 ਸ਼ਾਖਾ)

## ਹੁਕਮ

ਪੰਜਾਬ ਰਾਜ ਵਿਚ ਕੰਮ ਕਰ ਰਹੇ ਲੈਕਚਰਾਰਾਂ ਵਿਚੋਂ ਅਪੰਗ ਵਿਅਕਤੀਆਂ ਦੇ 3% ਕੋਟੇ ਦੀਆਂ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਦੀਆਂ ਤਰੱਕੀਆਂ ਵਿੱਚ ਉਨ੍ਹਾਂ ਦਾ ਬੈਕਲਾਗ ਪੂਰਾ ਕਰਨ ਲਈ ਪਾਤਰਤਾ ਨਿਰਧਾਰਿਤ ਕਰਨ ਲਈ ਵਿਭਾਗ ਵਲੋਂ ਮਿਤੀ 30.10.2014 ਨੂੰ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਲੈਫਟ ਆਊਟ ਰਹਿ ਗਏ ਕੇਸਾਂ ਨੂੰ ਵਿਚਾਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਮਿਤੀ 24-03-2015 ਨੂੰ ਹੋਈ ਸੀ ਜਿਸ ਵਿੱਚ ਕਮੇਟੀ ਵੱਲੋਂ ਪ੍ਰਵਾਨ ਕੀਤੇ/ਲਏ ਗਏ ਫੈਸਲੇ ਅਨੁਸਾਰ ਹੇਠ ਲਿਖੇ ਲੈਕਚਰਾਰਾਂ ਨੂੰ ਪੰਜਾਬ ਐਜੂਕੇਸ਼ਨਲ ਸਰਵਿਸ (ਸਕੂਲ ਤੇ ਇੰਸਪੈਕਸ਼ਨ) ਰੂਲਜ, 2004 ਅਨੁਸਾਰ ਪੇਅ ਸਕੇਲ 15600-39100 + 6600 ਗ੍ਰੇਡ ਪੇਅ ਵਿਚ ਪ੍ਰੋਵੀਜਨਲ ਤੌਰ ਤੇ ਬਤੌਰ ਪੀ.ਈ.ਐਸ. (ਸਕੂਲ ਤੇ ਇੰਸਪੈਕਸਨ) ਗਰੁੱਪ-ਏ ਵਿਚ ਪਦਉਨਤ ਕੀਤਾ ਜਾਂਦਾ ਹੈ।

| ਲੜੀ ਨੰ: | ਸੀਨੀ: ਨੰ: | **ਇੰਟਰ ਸੇ ਸੀਨੀ ਨੰਬਰ** | ਨਾਮ/ਮੌਜੂਦਾ ਤੈਨਾਤੀ ਸਥਾਨ ਸਰਵ ਸ੍ਰੀ/ਸ੍ਰੀਮਤੀ | ਕੈਟਾਗਰੀ |
|---|---|---|---|---|
| 1. | 883 | 2237 | ਸ੍ਰੀਮਤੀ ਸਤਿੰਦਰਦੀਪ ਕੌਰ, ਲੈਕਚਰਾਰ ਜੌਗਰਫੀ, ਜਿਲ੍ਹਾ ਹੁਸਿਆਰਪੁਰ। | (ਆਰਥੋ) |
| 2. | 1157 | 2748 | ਸ੍ਰੀਮਤੀ ਆਦਰਸ਼ ਭੱਲਾ, ਲੈਕਚਰਾਰ ਬਾਇਲੋਜੀ, ਸਸਸਸ ਭਵਾਨੀਗੜ੍ਹ (ਸੰਗਰੂਰ)। | ਅੰਸਿਕ ਨੇਤਰਹੀਣ |

2. ਸ੍ਰੀਮਤੀ ਸਤਿੰਦਰਦੀਪ ਕੌਰ, ਲੈਕਚਰਾਰ ਜੌਗਰਫੀ ਹੁਣ ਪ੍ਰਿੰਸੀਪਲ, ਸਸਸਸ ਮਾਹਿਲਪੁਰ, ਜਿਲ੍ਹਾ ਹੁਸਿਆਰਪੁਰ ਦੀ ਤਰੱਕੀ ਮਿਤੀ 01-04-2013 ਦੀ ਬਜਾਏ 25-11-2014 ਤੋਂ ਲਾਗੂ ਹੋਵੇਗੀ।

3. ਸ੍ਰੀਮਤੀ ਆਦਰਸ਼ ਭੱਲਾ, ਲੈਕਚਰਾਰ ਬਾਇਲੋਜੀ, ਸਸਸਸ ਭਵਾਨੀਗੜ੍ਹ (ਸੰਗਰੂਰ) ਦੀ ਬਤੌਰ ਪ੍ਰਿੰਸੀਪਲ ਤਰੱਕੀ ਉਸ ਤੋ ਜੂਨੀਆਰ ਕਰਮਚਾਰੀਆਂ ਦੀ ਤਰੱਕੀ ਦੀ ਮਿਤੀ 25-11-2014 ਤੋਂ ਲਾਗੂ ਹੋਵੇਗੀ। ਪੱਦਉਨੱਤੀ ਉਪਰੰਤ ਸ੍ਰੀਮਤੀ ਆਦਰਸ਼ ਭੱਲਾ ਨੂੰ ਬਤੌਰ ਪ੍ਰਿੰਸੀਪਲ, ਸਸਸਸ ਮਰਦਾਂਪੁਰ ਜ਼ਿਲ੍ਹਾ ਪਟਿਆਲਾ ਵਿਖੇ ਖਾਲੀ ਥਾਂ ਤੇ ਤੈਨਾਤ ਕੀਤਾ ਜਾਂਦਾ ਹੈ

4. ਇਹ ਹੁਕਮ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰਬਰ 22813/2013-ਜਿਡ ਵਿਦ ਸੁਪਰੀਮ ਕੋਰਟ ਦੇ ਸਿਵਲ ਅਪੀਲ ਨੰਬਰ 9096 ਆਫ 2013, ਯੂਨੀਅਨ ਆਫ ਇੰਡੀਆ ਅਤੇ ਹੋਰ ਬਨਾਮ ਨੈਸ਼ਨਲ ਫੈਡਰੇਸ਼ਨ ਆਫ ਬਲਾਇੰਡ ਚਾਈਲਡ ਅਤੇ ਹੋਰ ਵਿਚ ਮਿਤੀ 8-10-2013 ਦੀ ਪਾਲਣਾ ਵਿਚ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਲੰਬਿਤ ਸੀ ਓ ਸੀ ਪੀ ਨੰਬਰ 1310 ਆਫ 2014 ਮਨਜੀਤ ਸਿੰਘ ਬਨਾਮ ਅੰਜਲੀ ਭਾਵੜਾ, ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ ਅਤੇ ਸੀ ਓ ਸੀ ਪੀ ਨੰਬਰ 2158 ਆਫ 2014 ਆਧਾਰ ਤੇ ਕੀਤੇ ਜਾ ਰਹੇ ਹਨ।

5. ਇਹ ਤਰੱਕੀਆਂ ਬਿੱਲਕੁਲ ਆਰਜ਼ੀ ਹੋਣਗੀਆਂ। ਪੀ.ਈ.ਐਸ. ਗਰੁੱਪ-ਏ ਵਿਚ ਸੀਨੀਆਰਤਾ ਬਾਅਦ ਵਿਚ ਨਿਰਧਾਰਿਤ ਕੀਤੀ ਜਾਵੇਗੀ।

6. ਇਨ੍ਹਾਂ ਅਧਿਕਾਰੀਆਂ ਦਾ ਪਰਖਕਾਲ ਇੱਕ ਸਾਲ ਜਾਂ ਪੰਜਾਬ ਲੋਕ ਸੇਵਾ ਕਮਿਸਨ ਤੋਂ ਪ੍ਰਵਾਨਗੀ ਪ੍ਰਾਪਤ ਹੋਣ ਤੱਕ ਜਿਹੜੀ ਵੀ ਸਥਿਤੀ ਬਾਅਦ ਵਿਚ ਵਾਪਰੇ ਤੱਕ ਹੋਵੇਗਾ।

7. ਸਰਕਾਰ ਵਲੋਂ ਪਦਉਨਤੀਆਂ ਦੇ ਕੇਸਾਂ ਅਤੇ ਸੀਨੀਆਰਤਾ ਨਿਸ਼ਚਿਤ ਕਰਨ ਲਈ ਲਏ ਗਏ ਫੈਸਲੇ ਸਬੰਧਤ ਪਦਉਨਤ ਸਾਰੇ ਅਧਿਕਾਰੀਆਂ ਲਈ ਮੰਨਣਯੋਗ ਹੋਣਗੇ। ਇਹ ਅਧਿਕਾਰੀ 07 ਦਿਨਾਂ ਦੇ ਅੰਦਰ ਅੰਦਰ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰਨਗੇ।

8. ਜੇਕਰ ਨਿਸ਼ਚਿਤ ਸਮੇਂ ਦੇ ਅੰਦਰ ਪਦਉਨਤ ਹੋਏ ਅਧਿਕਾਰੀਆਂ ਵਲੋਂ ਆਪਣੀ ਹਾਜਰੀ ਰਿਪੋਰਟ ਪੇਸ਼ ਨਾ ਕੀਤੀ ਗਈ ਤਾਂ ਉਸਨੂੰ ਨਿਯਮਾਂ ਅਨੁਸਾਰ 02 ਸਾਲ ਲਈ ਤਰੱਕੀ ਦੇ ਹੱਕ ਤੋਂ ਡੀਬਾਰ ਕਰ ਦਿੱਤਾ ਜਾਵੇਗਾ।

ਮਿਤੀ,ਚੰਡੀਗੜ੍ਹ:
16 ਅਪ੍ਰੈਲ, 2015

ਜੀ.ਰਾਊਲ
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ
ਸਿੱਖਿਆ ਵਿਭਾਗ (ਸਕੂਲਜ)

ਪਿੱਠ ਅੰਕਣ ਨੰ:1/176/2013-2ਸਿ4/464317/1-11 ਮਿਤੀ,ਚੰਡੀਗੜ੍ਹ: 17/4/2015

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, (ਏ.ਐਂਡ.ਈ) ਆਡਿਟ ਵਿੰਗ,ਪੰਜਾਬ,ਚੰਡੀਗੜ੍ਹ।
2. ਸਕੱਤਰ,ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ।
3. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ-8, ਅਜੀਤਗੜ੍ਹ । ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਨ੍ਹਾਂ ਹੁਕਮਾਂ ਦੀ ਕਾਪੀ ਐਸ.ਐਸ.ਏ. ਦੀ ਵੈਬਸਾਈਟ ਤੇ ਤੁਰੰਤ ਅੱਪਲੋਡ ਕਰਵਾਉਣ ਦੀ ਖੇਚਲ ਕੀਤੀ ਜਾਵੇ।
4. ਡਾਇਰੈਕਟਰ, ਸਿੱਖਿਆ ਵਿਭਾਗ (ਸੈਸਿ),ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਅਜੀਤਗੜ੍ਹ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਪਦਉਨਤ ਹੋਏ ਅਧਿਕਾਰੀਆਂ ਦੀ ਪਦਉਨਤੀ ਨਿਯਮਿਤ ਕਰਵਾਉਣ ਲਈ ਰਿਕਾਰਡ ਸਿੱਧੇ ਹੀ ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ ਅਤੇ ਸਰਕਾਰ ਨੂੰ ਵੀ ਸੂਚਿਤ ਕੀਤਾ ਜਾਵੇ।
5. ਮੰਡਲ ਸਿੱਖਿਆ ਅਫਸਰ, ਨਾਭਾ, ਜਲੰਧਰ, ਫਰੀਦਕੋਟ।
6. ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ), ਸੰਗਰੂਰ/ਪਟਿਆਲਾ/ਹੁਸਿਆਰਪੁਰ।
7. ਸਬੰਧਤ ਅਧਿਕਾਰੀ।

ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ

ਅੰਦਰੂਨੀ ਵੰਡ
1. ਸਕੱਤਰ/ਮਾਨਯੋਗ ਸਿੱਖਿਆ ਮੰਤਰੀ,ਪੰਜਾਬ।
2. ਨਿੱਜੀ ਸਕੱਤਰ/ਪ੍ਰ.ਸ.ਸ.ਸਿ
3. ਨਿੱਜੀ ਸਕੱਤਰ/ਵਿ.ਸ.ਸ.ਸਿ

O/o DGSE Cum SPD
Sarva Shiksha
Central Dak
No. 13403 27/4/15